# ਬ੍ਰੈਂਪਟਨ ਵਿੱਚ ਈਸਟਰ ਵੀਕੈਂਡ 2022

ਬ੍ਰੈਂਪਟਨ, ਓਨਟੈਰੀਓ (11 ਅਪ੍ਰੈਲ, 2022) – ਇਸ ਸਾਲ, ਗੁੱਡ ਫ੍ਰਾਈਡੇ (Good Friday), ਸ਼ੁੱਕਰਵਾਰ, 15 ਅਪ੍ਰੈਲ ਨੂੰ ਅਤੇ ਈਸਟਰ ਮੰਡੇ (Easter Monday), ਸੋਮਵਾਰ, 18 ਅਪ੍ਰੈਲ ਨੂੰ ਹੈ।

ਫਾਇਰ ਐਂਡ ਐਮਰਜੈਂਸੀ ਸਰਵਿਸਿਜ (Fire and Emergency Services), ਟ੍ਰੈਫਿਕ ਸਰਵਿਸਿਜ (Traffic Services), ਬਾਇ-ਲਾਅ ਐਨਫੋਰਸਮੈਂਟ (By-Law Enforcement), ਰੋਡ ਓਪਰੇਸ਼ਨਸ (Road Operations), ਅਤੇ ਸਿਕਿਓਰਿਟੀ ਸਰਵਿਸਿਜ (Security Services) ਸਮੇਤ, ਸਾਰੀਆਂ ਮਹੱਤਵਪੂਰਣ ਸੇਵਾਵਾਂ, ਸਾਡੀ ਕਮਿਉਨਿਟੀ ਦੀ ਮਦਦ ਲਈ ਪਹਿਲਾਂ ਵਾਂਗ ਹੀ ਜਾਰੀ ਰਹਿਣਗੀਆਂ।

ਕਿਸੇ ਵੀ ਸਵਾਲਾਂ ਲਈ ਨਿਵਾਸੀ, 311 ਤੇ ਜਾਂ 905.874.2000 (ਬ੍ਰੈਂਪਟਨ ਦੇ ਬਾਹਰੋਂ) ਤੇ ਫੋਨ ਕਰ ਸਕਦੇ ਹਨ, ਬ੍ਰੈਂਪਟਨ 311 (Brampton 311) ਐਪ (ਜੋ ਐਪ ਸਟੋਰ (App Store) ਜਾਂ Google Play (ਗੂਗਲ ਪਲੇ) ਤੇ ਉਪਲਬਧ ਹੈ) ਦੀ ਵਰਤੋਂ ਕਰ ਸਕਦੇ ਹਨ, www.311brampton.ca ਤੇ ਜਾ ਸਕਦੇ ਹਨ ਜਾਂ 311@brampton.ca ਤੇ ਈਮੇਲ ਕਰ ਸਕਦੇ ਹਨ। ਅਸੀਂ, ਸਿਟੀ ਆਫ ਬ੍ਰੈਂਪਟਨ ਜਾਂ ਰੀਜਨ ਆਫ ਪੀਲ (Region of Peel) ਦੇ ਕਿਸੇ ਵੀ ਮੁੱਦਿਆਂ ਲਈ, 24/7 ਉਪਲਬਧ ਹਾਂ।

## ਬ੍ਰੈਂਪਟਨ ਟ੍ਰਾਂਜ਼ਿਟ

ਬ੍ਰੈਂਪਟਨ ਟ੍ਰਾਂਜ਼ਿਟ (Brampton Transit), 15 ਤੋਂ 18 ਅਪ੍ਰੈਲ ਤੱਕ ਹੇਠਾਂ ਲਿਖੇ ਸਰਵਿਸ ਲੈਵਲਾਂ ਦੇ ਅੰਦਰ ਚੱਲੇਗਾ।

ਸ਼ੁੱਕਰਵਾਰ, 15 ਅਪ੍ਰੈਲ (ਗੁੱਡ ਫ੍ਰਾਈਡੇ)

ਐਤਵਾਰ/ ਛੁੱਟੀ ਵਾਲੇ ਸ਼ੈਡਿਊਲ ਤੇ ਚੱਲੇਗਾ।

ਟਰਮੀਨਲਾਂ ਵਿਖੇ ਗਾਹਕ ਸੇਵਾ (Customer Service) ਕਾਉਂਟਰ ਬੰਦ ਹਨ। ਸਵਾਰੀਆਂ, ਸਹਾਇਤਾ ਲਈ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਸੰਪਰਕ ਕੇਂਦਰ (Contact Centre) ਨੂੰ ਸੰਪਰਕ ਕਰ ਸਕਦੀਆਂ ਹਨ।

ਸ਼ਨੀਵਾਰ, 16 ਅਪ੍ਰੈਲ

ਸ਼ਨੀਵਾਰ ਵਾਲੇ ਸ਼ੈਡਿਊਲ ਤੇ ਚੱਲੇਗਾ।

ਟਰਮੀਨਲਾਂ ਵਿਖੇ ਗਾਹਕ ਸੇਵਾ ਕਾਉਂਟਰ, ਨਿਯਮਿਤ ਘੰਟਿਆਂ ਦੇ ਦੌਰਾਨ ਖੁੱਲੇ ਰਹਿਣਗੇ। ਸਵਾਰੀਆਂ, ਸਹਾਇਤਾ ਲਈ ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤੱਕ ਸੰਪਰਕ ਕੇਂਦਰ ਨੂੰ ਸੰਪਰਕ ਕਰ ਸਕਦੀਆਂ ਹਨ।

ਐਤਵਾਰ, 17 ਅਪ੍ਰੈਲ (ਈਸਟਰ ਸੰਡੇ)

ਐਤਵਾਰ/ ਛੁੱਟੀ ਵਾਲੇ ਸ਼ੈਡਿਊਲ ਤੇ ਚੱਲੇਗਾ।

ਟਰਮੀਨਲਾਂ ਵਿਖੇ ਗਾਹਕ ਸੇਵਾ ਕਾਊਂਟਰ ਬੰਦ ਹਨ। ਸਵਾਰੀਆਂ, ਸਹਾਇਤਾ ਲਈ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਸੰਪਰਕ ਕੇਂਦਰ ਨੂੰ ਸੰਪਰਕ ਕਰ ਸਕਦੀਆਂ ਹਨ।

ਸੋਮਵਾਰ, 18 ਅਪ੍ਰੈਲ (ਈਸਟਰ ਮੰਡੇ)

ਨਿਯਮਿਤ ਕਾਰਜਦਿਨ ਵਾਲੇ ਸ਼ੈਡਿਊਲ ਤੇ ਚੱਲੇਗਾ।

ਟਰਮੀਨਲਾਂ ਵਿਖੇ ਗਾਹਕ ਸੇਵਾ ਕਾਊਂਟਰ, ਨਿਯਮਿਤ ਘੰਟਿਆਂ ਦੇ ਦੌਰਾਨ ਖੁੱਲੇ ਰਹਿਣਗੇ। ਸਵਾਰੀਆਂ, ਸਹਾਇਤਾ ਲਈ ਸਵੇਰੇ 7 ਵਜੇ ਤੋਂ ਰਾਤ 9 ਵਜੇ ਤੱਕ ਸੰਪਰਕ ਕੇਂਦਰ ਨੂੰ ਸੰਪਰਕ ਕਰ ਸਕਦੀਆਂ ਹਨ।

ਸੂਬੇ ਦੇ ਰੈਗੂਲੇਸ਼ਨਸ (Province's regulations) ਦੇ ਮੁਤਾਬਕ, ਬ੍ਰੈਂਪਟਨ ਟ੍ਰਾਂਜ਼ਿਟ ਦੀਆਂ ਸਾਰੀਆਂ ਬੱਸਾਂ ਅਤੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਟਰਮੀਨਲਾਂ ਵਿਖੇ, ਮਾਸਕ ਪਹਿਨਣ ਦੀ ਸ਼ਰਤ ਜਾਰੀ ਰਹੇਗੀ। ਸਫਾਈ ਅਤੇ ਸੈਨੀਟਾਈਜ਼ ਕਰਨਾ ਜਾਰੀ ਹੈ ਅਤੇ ਜਿਹਨਾਂ ਫੈਸਿਲਿਟੀਜ ਅਤੇ ਟਰਮੀਨਲਾਂ ਦੀਆਂ ਠੋਸ ਸਤ੍ਹਾਵਾਂ ਹਨ, ਉਹਨਾਂ ਨੂੰ ਰੋਜ਼ਾਨਾ ਪੂੰਝਿਆ ਜਾ ਰਿਹਾ ਹੈ ਅਤੇ ਅਤੇ ਸੈਨੀਟਾਈਜ਼ ਕੀਤਾ ਜਾ ਰਿਹਾ ਹੈ।

ਸੇਵਾ ਅੱਪਡੇਟਸ ਲਈ, www.bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ। ਸਵਾਲ ਸਿੱਧੇ, ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ ਨੂੰ, 905.874.2999 ਤੇ ਪੁੱਛੇ ਜਾ ਸਕਦੇ ਹਨ।

**ਬ੍ਰੈਂਪਟਨ ਰੇਕ੍ਰੀਏਸ਼ਨ**

ਬ੍ਰੈਂਪਟਨ ਦੇ ਰੇਕ੍ਰੀਏਸ਼ਨ ਸੈਂਟਰ, ਈਸਟਰ ਦੇ ਮੌਕੇ ਤੇ ਪੂਰਾ ਵੀਕੈਂਡ, ਘਟੇ ਹੋਏ ਸ਼ੈਡਿਊਲ ਤੇ ਕੰਮ ਕਰਨਗੇ। ਛੁੱਟੀਆਂ ਦੇ ਘੰਟੇ, ਇੱਥੇ (here) ਉਪਲਬਧ ਹਨ।

ਬਨੀ ਐਗਸਾਈਟਮੈਂਟ

ਅਪ੍ਰੈਲ ਵਿੱਚ, ਬਨੀ ਐਗਸਾਈਟਮੈਂਟ (Bunny EGGScitement) ਦੇ ਨਾਲ ਬਸੰਤ ਦੇ ਆਉਣ ਦਾ ਜਸ਼ਨ ਮਨਾਓ! ਇਸ ਮੁਫਤ, ਪਰਿਵਾਰ-ਅਨੁਕੂਲਿਤ ਕਾਰਜਕਰਮਾਂ ਵਿੱਚ ਸ਼ਾਮਲ ਹਨ, ਈਸਟਰ ਬਨੀ (Easter Bunny) ਨੂੰ ਮਿਲਣਾ, ਏਅਰਬੁਰਸ਼ ਟੈਟੂ, ਗੇਮਸ ਅਤੇ ਗਤੀਵਿਧੀਆਂ, ਸਕਵੈਂਜਰ ਹੰਟ ਅਤੇ ਘਰ ਵਿਖੇ ਅਨੰਦ ਮਾਣਨ ਲਈ ਸੁਆਦੀ ਟ੍ਰੀਟ।

ਬਨੀ ਐਗਸਾਈਟਮੈਂਟ ਗਤੀਵਿਧੀਆਂ ਦਾ ਮਜ਼ਾ ਲੈਣ ਬਾਰੇ ਹੋਰ ਜਾਣਕਾਰੀ ਲਈ, www.brampton.ca/recreation ਤੇ ਜਾਓ।

**ਬ੍ਰੈਂਪਟਨ ਲਾਇਬ੍ਰੇਰੀ**

ਬ੍ਰੈਂਪਟਨ ਲਾਇਬ੍ਰੇਰੀ (Brampton Library) ਦੀਆਂ ਬ੍ਰਾਂਚਾਂ, 15 ਅਪ੍ਰੈਲ ਅਤੇ 17 ਅਪ੍ਰੈਲ ਨੂੰ ਬੰਦ ਰਹਿਣਗੀਆਂ।

ਈਬੁੱਕਸ ਅਤੇ ਈਆੱਡੀਓਬੁੱਕਸ, ਸਟ੍ਰੀਮ ਟੈਲੀਵਿਜਨ ਅਤੇ ਮੂਵੀਜ ਲੈਣ ਵਾਸਤੇ, ਕਈ ਤਰ੍ਹਾਂ ਦੇ ਸਿੱਖਿਆਤਮਕ, ਰਚਨਾਤਮਕ ਅਤੇ ਪ੍ਰੋਫੈਸ਼ਨਲ ਡਿਜੀਟਲ ਸਿਖਲਾਈ ਪਲੇਟਫਾਰਮਾਂ ਤੱਕ ਪਹੁੰਚ ਲਈ ਔਨਲਾਈਨ, www.bramptonlibrary.ca ਤੇ ਸਾਡੇ ਨਾਲ ਜੁੜੋ। ਸਾਡੇ, ਕੈਲੰਡਰ ਆਫ ਇਵੈਂਟਸ (calendar of events) ਦੇ ਦੁਆਰਾ ਹਰ ਉਮਰ ਅਤੇ ਰੁਚੀ ਵਾਲੇ ਵਿਅਕਤੀਆਂ ਲਈ ਵਰਚੁਅਲ (ਆਭਾਸੀ) ਪ੍ਰੋਗਰਾਮਾਂ ਲਈ ਰਜਿਸਟਰ ਕਰੋ ਅਤੇ ਸਾਡੇ ਈਮੇਲ ਅੱਪਡੇਟਸ ਲਈ ਸਬਸਕ੍ਰਾਈਬ ਕਰੋ (subscribe to our email updates)। ਸਾਨੂੰ Facebook, Twitter, Instagram ਅਤੇ LinkedIn ਤੇ ਫਾੱਲੋ

ਕਰੋ। iOS ਅਤੇ Google Play ਤੇ ਬ੍ਰੈਂਪਟਨ ਲਾਇਬ੍ਰੇਰੀ ਦਾ ਮੋਬਾਈਲ ਐਪ ਜ਼ਰੂਰ ਡਾਊਨਲੋਡ ਕਰੋ। ਸਾਡੇ ਐਪ ਬਾਰੇ ਹੋਰ ਵੇਰਵਿਆਂ ਲਈ ਇੱਥੇ ਕਲਿੱਕ ਕਰੋ (Click here for more details about our app)। ਸਾਡੇ ਸਟਾਫ ਦੇ ਨਾਲ ਲਾਈਵ ਚੈਟ ਜਾਂ ਸਵਾਲ ਪੁੱਛਣ ਲਈ, ਸਾਡੀ ਵੈਬਸਾਈਟ ਤੇ ਜਾਓ (live chat with our staff, or Ask A Question, visit our website)।

**ਬ੍ਰੈਂਪਟਨ ਐਨੀਮਲ ਸਰਵਿਸਿਜ**

ਬ੍ਰੈਂਪਟਨ ਐਨੀਮਲ ਸ਼ੈਲਟਰ (Brampton Animal Shelter), 15 ਅਪ੍ਰੈਲ, 17 ਅਪ੍ਰੈਲ ਅਤੇ 18 ਅਪ੍ਰੈਲ ਨੂੰ ਬੰਦ ਰਹੇਗਾ। ਸ਼ੈਲਟਰ, 16 ਅਪ੍ਰੈਲ ਨੂੰ, ਸਿਰਫ ਮੁਲਾਕਾਤ ਬੁੱਕ ਕਰਨ ਦੁਆਰਾ ਹੀ, ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਖੁੱਲਾ ਰਹੇਗਾ।

ਐਨੀਮਲ ਕੰਟ੍ਰੋਲ (Animal Control), ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 7 ਵਜੇ ਤੋਂ ਰਾਤ 10 ਵਜੇ ਤੱਕ ਅਤੇ ਸ਼ਨੀਵਾਰ ਅਤੇ ਐਤਵਾਰ ਅਤੇ ਛੁੱਟੀਆਂ ਵਾਲੇ ਦਿਨਾਂ ਨੂੰ, ਸਵੇਰੇ 8 ਵਜੇ ਤੋਂ ਸ਼ਾਮ 6:30 ਵਜੇ ਤੱਕ ਸੜਕ ਤੇ ਮੌਜੂਦ ਹੋਵੇਗਾ। ਇਹਨਾਂ ਘੰਟਿਆਂ ਤੋਂ ਬਾਅਦ, ਉਹ ਸਿਰਫ ਐਮਰਜੈਂਸੀ ਸਬੰਧੀ ਕੰਮ ਹੀ ਕਰਨਗੇ।

**ਈਸਟਰ ਵੀਕੈਂਡ ਲਈ ਪੀਲ ਪਬਲਿਕ ਹੈਲਥ ਦੇ ਰਿਮਾਈਂਡਰ**

ਕਿਉਂਕਿ ਸਾਡੀ ਕਮਿਉਨਿਟੀ ਵਿੱਚ ਕੋਵਿਡ-19 (COVID-19) ਅਜੇ ਵੀ ਜਾਰੀ ਹੈ, ਇਸਲਈ ਇਹ ਯਾਦ ਰੱਖਣਾ ਮਹੱਤਵਪੂਰਣ ਹੈ ਕਿ ਪਬਲਿਕ ਹੈਲਥ ਦੇ ਉਪਾਅ ਹੀ, ਵਾਇਰਸ ਤੋਂ ਸਾਡਾ ਸਭ ਤੋਂ ਵਧੀਆ ਬਚਾਅ ਹਨ। ਹਾਲਾਂਕਿ ਕੋਵਿਡ-19 ਨੂੰ ਫੈਲਣ ਤੋਂ ਰੋਕਣ ਵਿੱਚ ਕੋਈ ਵੀ ਚੀਜ਼ ਇਕੱਲੀ, 100% ਪ੍ਰਭਾਵੀ ਨਹੀਂ ਹੈ, ਪਰੰਤੂ ਪਬਲਿਕ ਹੈਲਥ ਦੇ ਉਪਾਵਾਂ ਦੀਆਂ ਲੇਅਰਸ, ਸਭ ਤੋਂ ਵਧੀਆ ਸੁਰੱਖਿਆ ਪ੍ਰਦਾਨ ਕਰਦੀਆਂ ਹਨ। ਸੁਰੱਖਿਆ ਦੀਆਂ ਲੇਅਰਸ ਵਿੱਚ ਸ਼ਾਮਲ ਹਨ:

- ਵੈਕਸੀਨ ਲਗਵਾਉਣਾ।
- ਬੀਮਾਰ ਹੋਣ ਤੇ ਘਰ ਵਿੱਚ ਹੀ ਰਹਿਣਾ।
- ਵਾਰ-ਵਾਰ ਆਪਣੇ ਹੱਥ ਧੋਣਾ।
- ਖੰਘਣ ਅਤੇ ਨਿੱਛਾਂ ਮਾਰਦੇ ਸਮੇਂ, ਚਿਹਰੇ ਨੂੰ ਕੂਹਣੀ ਨਾਲ ਢਕ ਕੇ ਸਾਹ ਸਬੰਧੀ ਸਹੀ ਉਪਾਵਾਂ ਨੂੰ ਅਪਨਾਉਣਾ।
- ਜ਼ਰੂਰੀ ਹੋਣ ਤੇ ਉੱਚ-ਕਿਸਮ ਦੇ ਮਾਸਕ ਵਰਤਣਾ।

ਇਸ ਬਾਰੇ ਹੋਰ ਜਾਣਕਾਰੀ ਲਈ ਕਿ ਪੀਲ (Peel) ਵਿੱਚ ਕੋਵਿਡ-19 ਵੈਕਸੀਨ ਕਿਵੇਂ ਅਤੇ ਕਿੱਥੇ ਬੁੱਕ ਕਰਨੀ ਹੈ, peelregion.ca/coronavirus/vaccine/ ਤੇ ਜਾਓ।

ਇਸਦੇ, ਓਨਟੈਰੀਓ ਨੂੰ ਸੁਰੱਖਿਅਤ ਰੂਪ ਨਾਲ ਦੁਬਾਰਾ ਖੋਲ੍ਹਣ ਦੀ ਯੋਜਨਾ (Plan to Safely Reopen Ontario) ਵਿੱਚ ਦਿੱਤੀਆਂ ਪ੍ਰੋਵਿੰਸ਼ੀਅਲ ਗਾਈਡਲਾਈਨਾਂ ਦੀ ਪਾਲਣਾ ਕਰਕੇ, ਇੱਕ-ਦੂਜੇ ਦਾ ਖਿਆਲ ਰੱਖੋ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca